Roll No. ..................

**142**

Total No. of Questions : 12]

[Total No. of Printed Pages : 20

**SS**

**2067**

**ਸਲਾਨਾ ਪਰੀਖਿਆ ਪ੍ਰਣਾਲੀ**

# ACCOUNTANCY–II (Part–I) & ACCOUNTANCY–II (Part–II)

**(Commerce Group Only)**

**(Punjabi, Hindi and English Versions)**

**(Evening Session)**

Time allowed : 3 hours

Maximum marks : 50

## (Punjabi Version)

**ਨੋਟ :** (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **142** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਪ੍ਰਸ਼ਨ-ਪੱਤਰ ਵਿੱਚ ਤਿੰਨ ਭਾਗ ਹਨ ਅਰਥਾਤ **ਭਾਗ–ੳ, ਭਾਗ–ਅ** ਅਤੇ **ਭਾਗ–ੲ । ਭਾਗ–ੳ ਸਭੀ ਵਿਦਿਆਰਥੀਆਂ ਲਈ ਜ਼ਰੂਰੀ ਹੈ** ਅਤੇ ਵਿਦਿਆਰਥੀ **ਭਾਗ–ਅ** ਅਤੇ **ਭਾਗ–ੲ** ਵਿੱਚੋਂ ਸਿਰਫ਼ **ਇੱਕ** ਭਾਗ ਨੂੰ ਚੁਣ ਸਕਦੇ ਹਨ ।

(v) ਸੰਖਿਆਤਮਕ ਪ੍ਰਸ਼ਨਾਂ ਲਈ ਸ਼ਬਦਾਂ, ਲਾਈਨਾਂ ਜਾਂ ਪੰਨਿਆਂ ਦੀ ਕੋਈ ਸੀਮਾ ਨਹੀਂ ਹੈ ।

(vi) ਪ੍ਰੋਗਰਾਮਾਂ ਤੋਂ ਬਿਨਾਂ ਸਾਧਾਰਣ ਗਣਨਯੰਤਰ ਵਰਤਣ ਦੀ ਆਗਿਆ ਹੈ ।

**ਭਾਗ–ੳ**

(vii) ਪ੍ਰਸ਼ਨ ਨੰ. 1 ਵਿੱਚ ਹਰੇਕ 1 ਅੰਕ ਦੇ 3 ਉਪ-ਭਾਗ ਹਨ । ਵਸਤੂਨਿਸ਼ਠ ਪ੍ਰਸ਼ਨਾਂ ਵਿੱਚ ਸ਼ਬਦ ਤੋਂ ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ/ਖਾਲੀ ਥਾਂ ਭਰੋ/ਸਹੀ ਜਾਂ ਗਲਤ/ਬਹੁਮੁੱਖੀ ਪਸੰਦ ਦੇ ਪ੍ਰਸ਼ਨ ਹੋ ਸਕਦੇ ਹਨ ।

ਪ੍ਰਸ਼ਨ ਨੰ. 2 ਤੋਂ 5 ਹਰੇਕ ਦੇ 2 ਅੰਕ ਹੋਣਗੇ । ਸਿੱਧਾਂਤਕ ਪ੍ਰਸ਼ਨ ਦਾ ਉੱਤਰ 5-10 ਲਾਇਨਾ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਪ੍ਰਸ਼ਨ ਨੰ. 6 ਵਿੱਚ ਚਾਰ ਉਪ-ਭਾਗ ਹਨ । ਚਾਰ ਵਿੱਚੋਂ ਕੋਈ **ਤਿੰਨ** ਪ੍ਰਸ਼ਨ ਕਰੋ । ਹਰੇਕ ਪ੍ਰਸ਼ਨ ਚਾਰ ਅੰਕਾਂ ਦਾ ਹੋਵੇਗਾ । ਸਿੱਧਾਂਤਕ ਪ੍ਰਸ਼ਨ ਦਾ ਉੱਤਰ 15-20 ਲਾਇਨਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਪ੍ਰਸ਼ਨ ਨੰ. 7 ਅੰਦਰੂਨੀ ਚੋਣ ਵਾਲਾ ਪ੍ਰਸ਼ਨ ਹੋਵੇਗਾ । ਇਹ ਪ੍ਰਸ਼ਨ 6 ਅੰਕਾਂ ਦਾ ਹੋਵੇਗਾ ।

**ਭਾਗ–ਅ ਅਤੇ ੲ**

(viii) ਪ੍ਰਸ਼ਨ ਨੰ. 8 ਵਿੱਚ 1 ਅੰਕ ਦੇ 3 ਉਪ-ਭਾਗ ਹੋਣਗੇ । ਹਰੇਕ ਭਾਗ ਦਾ ਉੱਤਰ 1-15 ਸ਼ਬਦਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਪ੍ਰਸ਼ਨ ਨੰ. 9 ਅਤੇ 10 ਹਰੇਕ 2 ਅੰਕਾਂ ਦਾ ਹੋਵੇਗਾ । ਸਿੱਧਾਂਤਕ ਪ੍ਰਸ਼ਨ ਦਾ ਉੱਤਰ 5-10 ਲਾਈਨਾਂ ਵਿੱਚ ਦਿੱਤਾ ਜਾਂਦਾ ਚਾਹੀਦਾ ਹੈ ।

ਪ੍ਰਸ਼ਨ ਨੰ. 11 ਵਿੱਚ 3 ਉਪ-ਭਾਗ ਹੋਣਗੇ । ਤਿੰਨ ਵਿੱਚੋਂ ਕੋਈ **ਦੋ** ਪ੍ਰਸ਼ਨ ਕਰੋ । ਹਰੇਕ ਪ੍ਰਸ਼ਨ ਚਾਰ ਅੰਕਾਂ ਦਾ ਹੋਵੇਗਾ । ਸਿੱਧਾਂਤਕ ਪ੍ਰਸ਼ਨ ਦਾ ਉੱਤਰ 15-20 ਲਾਈਨਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਪ੍ਰਸ਼ਨ ਨੰ. 12 ਵਿੱਚ ਅੰਦਰੂਨੀ ਛੋਟ ਹੈ । ਇਹ ਪ੍ਰਸ਼ਨ 6 ਅੰਕਾਂ ਦਾ ਹੋਵੇਗਾ । ਸਿੱਧਾਂਤਕ ਪ੍ਰਸ਼ਨ ਦਾ ਉੱਤਰ, ਉੱਤਰ-ਪੱਤਰੀ ਦੇ 3-4 ਪੰਨਿਆਂ ਵਿੱਚ ਦਿੱਤਾ ਜਾਂਣਾ ਚਾਹੀਦਾ ਹੈ ।

## ਭਾਗ–ੳ

1. (ੳ) ਵਸੀਅਤ ਤੋਂ ਪ੍ਰਾਪਤ ਰਾਸ਼ੀ ਕੀ ਹੈ ? 1

(ਅ) ਸਮਝੌਤੇ ਦੀ ਅਣਹੋਂਦ ਵਿੱਚ ਲਾਭ-ਹਾਨੀ .................. ਅਨੁਪਾਤ ਵਿੱਚ ਵੰਡਿਆ ਜਾਂਦਾ ਹੈ । 1

(ੲ) ਨਵੇਂ ਸਾਂਝੇਦਾਰ ਦੁਆਰਾ ਲਿਆਂਦੀ ਗਈ ਸਾਖ ਦੀ ਰਕਮ ਪੁਰਾਣੇ ਸਾਂਝੇਦਾਰ .................. ਅਨੁਪਾਤ ਵਿੱਚ ਵੰਡਦੇ ਹਨ । 1

2. ਹੇਠ ਲਿਖੀ ਸੂਚਨਾ ਤੋਂ ਆਮਦਨ-ਖਰਚ ਖਾਤੇ ਵਿੱਚ ਕੁਲ ਖਰਚ ਰਕਮ ਲਿਖੋ :

| | |
|---|---|
| ਸਟੇਸ਼ਨਰੀ ਦਾ ਸਟਾਕ 1.04.06 | = 300 |
| ਸਟੇਸ਼ਨਰੀ ਲਈ ਲੈਣਦਾਰ 1.04.06 | = 200 |
| ਸਟੇਸ਼ਨਰੀ ਦਾ ਸਟਾਕ 31.03.07 | = 50 |
| ਸਾਲ ਦੌਰਾਨ ਸਟੇਸ਼ਨਰੀ ਲਈ ਦਿਤੀ ਗਈ ਰਕਮ | = 1080 |
| ਸਟੇਸ਼ਨਰੀ ਲਈ ਲੈਣਦਾਰ 31.3.2007 | = 130 |

2

3. A ਨੇ ਵਪਾਰ ਵਿੱਚੋਂ ਹੇਠ ਲਿਖੇ ਅਨੁਸਾਰ ਆਹਰਣ ਕੀਤੇ । ਆਹਰਣ ਦੇ ਉਪਰ 5% ਸਲਾਨਾ ਦਰ ਨਾਲ ਵਿਆਜ ਕਢੋ :

1 ਜੁਲਾਈ 2015 = 2000
1 ਅਗਸਤ 2015 = 1000
1 ਸਤੰਬਰ 2015 = 3000
1 ਨਵੰਬਰ 2015 = 5000
1 ਫਰਵਰੀ 2016 = 1000

ਜਦੋਂ ਕਿ ਕਿਤਾਬਾਂ 31 ਮਾਰਚ, 2016 ਨੂੰ ਬੰਦ ਕੀਤੀਆਂ ਜਾਂਦੀਆਂ ਹਨ । 2

4. ਤਿਆਗ ਅਨੁਪਾਤ ਕੀ ਹੈ ? ਇਹ ਕਿਵੇਂ ਕਢੀ ਜਾਂਦੀ ਹੈ ? 2

5. ਪੁਨਰ-ਮੁਲਾਂਕਣ ਤੇ ਵਸੂਲੀ ਖਾਤੇ ਵਿੱਚ ਕੋਈ ਦੋ ਅੰਤਰ ਦੱਸੋ । 2

**ਨੋਟ** : ਚਾਰ ਪ੍ਰਸ਼ਨਾਂ ਵਿੱਚੋਂ ਕੋਈ **ਤਿੰਨ** ਪ੍ਰਸ਼ਨ ਕਰੋ ।

6. (ੳ) ਹੇਠ ਲਿਖੇ ਸਿਟੀਜਨ ਕਲਬ ਦੇ ਪ੍ਰਾਪਤੀ ਤੇ ਅਦਾਇਗੀ ਖਾਤੇ ਤੋਂ 31 ਦਸੰਬਰ 2013 ਦੇ ਅੰਤ ਉਪਰ ਆਮਦਨ ਤੇ ਖਰਚ ਖਾਤਾ ਤਿਆਰ ਕਰੋ :

ਪ੍ਰਾਪਤੀ ਤੇ ਭੁਗਤਾਨ ਖਾਤਾ 31, ਦਸੰਬਰ 2013

| ਪ੍ਰਾਪਤੀਆਂ | ਰਕਮ ₹ | ਭੁਗਤਾਨ | ਰਕਮ ₹ |
|---|---|---|---|
| ਰੋਕੜ : ਸ਼ੁਰੂ | 4,500 | ਤਨਖਾਹ | 49,500 |
| ਬੈਂਕ : ਸ਼ੁਰੂ | 1,26,000 | ਸਟੇਸ਼ਨਰੀ | 1,950 |
| ਚੰਦਾ | 1,52,400 | ਰਿਪੇਅਰ ਖਰਚੇ | 7,020 |
| ਦਾਨ | 72,000 | ਬਿਲਿਅਰਡ ਟੇਬਲ | 58,050 |
| ਵਿਨਿਯੋਗ ਤੇ ਵਿਆਜ | 1,800 | ਵਿਨਿਯੋਗ ਖਰੀਦੇ | 61,980 |
| ਦਾਖਲਾ ਫੀਸ | 18,000 | ਫੁਟਕਲ ਖਰਚੇ | 6,600 |
| ਬੈਂਕ ਵਿਆਜ | 6,300 | ਫਰਨੀਚਰ ਖਰੀਦਿਆ | 1,23,000 |
| ਪੁਰਾਣੇ ਅਖਬਾਰ ਵੇਚੇ | 900 | ਬੀਮਾ ਕਿਸ਼ਤ | 2,700 |
| | | ਰੋਕੜ : ਅੰਤ | 4,200 |
| | | ਬੈਂਕ : ਅੰਤ | 66,900 |
| | 3,81,900 | | 3,81,900 |

(i) ਸਾਲ 2013 ਵਿੱਚ ਬਕਾਇਆ ਚੰਦਾ 13,500 ਰੁਪਏ ਤੇ ਸਾਲ 2014 ਲਈ ਪੇਸ਼ਗੀ ਚੰਦਾ 3,900 ਰੁਪਏ ਹੈ ।

(ii) ਬੀਮਾ ਪ੍ਰੀਮੀਅਮ 300 ਰੁਪਏ ਪੇਸ਼ਗੀ ਅਦਾ ਕੀਤਾ ਗਿਆ ।

(iii) ਫੁਟਕਲ ਖਰਚੇ ਦਾ ਬਕਾਇਆ 900 ਰੁਪਏ ; ਅਤੇ ਦਾਨ ਰਾਸ਼ੀ ਦਾ 50% ਪੂੰਜੀਗਤ ਬਣਾਇਆ ਜਾਵੇ ।

(iv) ਦਾਖਲਾ ਫੀਸ ਰੈਵਿਨਿਓ ਆਮਦਨ ਵਜੋ ਜਾਣੀ ਜਾਵੇ । 4

(ਅ) ਸਾਂਝੇਦਾਰੀ ਦੀਆਂ ਵਿਸ਼ੇਸ਼ਤਾਵਾਂ ਲਿਖੋ । 4

(ੲ) ਏ ਅਤੇ ਬੀ ਲਾਭ-ਹਾਨੀ 2 : 1 ਅਨੁਪਾਤ ਵਿੱਚ ਵੰਡਦੇ ਹਨ । ਉਹਨਾਂ ਦਾ ਅੰਤਿਮ ਚਿੱਠਾ 31.3.2006 ਨੂੰ ਹੇਠਾਂ ਦਿਤਾ ਗਿਆ ਹੈ :

| ਦੇਣਦਾਰੀਆਂ | ਰਕਮ ₹ | ਸੰਪਤੀਆਂ | ਰਕਮ ₹ |
|---|---|---|---|
| ਦੇਣਯੋਗ ਬਿਲ | 5,000 | ਨਕਦ | 200 |
| ਲੈਣਦਾਰ | 60,900 | ਬੈਂਕ | 1,000 |
| ਪੂੰਜੀ : | | ਦੇਣਦਾਰ | 9,700 |
| ਏ | 30,000 | ਸਟਾਕ | 20,000 |
| ਬੀ | 20,000 | ਪਲਾਂਟ | 5,000 |
| | | ਮਸ਼ੀਨਰੀ | 30,000 |
| | | ਬਿਲਡਿੰਗ | 50,000 |
| | 1,15,900 | | 1,15,900 |

1 ਅਪ੍ਰੈਲ 2007 ਨੂੰ ਉਹਨਾ ਨੇ ਫੈਸਲਾ ਕੀਤਾ ਕਿ ਸੀ ਨੂੰ ਹੇਠ ਲਿਖਿਆਂ ਸ਼ਰਤਾਂ ਤੇ ਸਾਂਝੇਦਾਰ ਬਣਾਇਆ ਜਾਵੇ :

(i) ਸੀ ਨੂੰ ਭਵਿਖ ਲਾਭ ਵਿੱਚੋਂ 1/3 ਹਿੱਸਾ ਦਿਤਾ ਜਾਵੇਗਾ ਅਤੇ ਉਹ 15,000 ਰੁਪਏ ਪੂੰਜੀ ਤੇ 6,000 ਰੁਪਏ ਸ਼ਾਖ ਵਜੋਂ ਲੈ ਕੇ ਆਵੇਗਾ ।

(ii) ਸਟਾਕ, ਪਲਾਂਟ ਤੇ ਮਸ਼ੀਨਰੀ ਤੇ 10% ਘਿਸਾਵਟ ਲਗੇਗੀ ।

(iii) ਦੇਣਦਾਰਾਂ ਉਪਰ 5% ਸ਼ਕੀ ਕਰਜੇਆਂ ਲਈ ਰਿਜ਼ਰਵ ਹੋਵੇਗਾ ।

(iv) ਬਿਲਡਿੰਗ ਦੀ ਕੀਮਤ 20% ਵਧਾਈ ਜਾਵੇਗੀ ।

(v) ਪੁਰਾਣੇ ਸਾਂਝੇਦਾਰਾਂ ਨੇ ਸੀ ਤੋਂ ਪ੍ਰਾਪਤ ਕੀਤੀ ਸਾਖ ਦੀ ਰਕਮ ਵਪਾਰ ਵਿੱਚੋਂ ਕਢਣਾ ਲਈ । ਪੁਨਰ-ਮੁਲਾਂਕਨ ਤੇ ਪੂੰਜੀ ਖਾਤੇ ਬਣਾਓ । 4

(ਸ) ਫਰਮ ਦੇ ਖਾਤਮੇ ਦੇ ਕੋਈ ਚਾਰ ਢੰਗ ਲਿਖੋ । 4

**7.** ਰਾਜਾ ਅਤੇ ਰਾਮ ਨੇ 1 ਅਪ੍ਰੈਲ 2006 ਨੂੰ ਵਪਾਰ ਸ਼ੁਰੂ ਕੀਤਾ । ਦੋਨਾਂ ਨੇ ਕ੍ਰਮਵਾਰ 80,000 ਰੁਪਏ, ਤੇ 60,000 ਰੁਪਏ ਪੂੰਜੀ ਵਜੋਂ ਪਾਏ । ਸਾਂਝੇਦਾਰੀ ਸਮਝੌਤੇ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਸਨ :

(i) ਪੂੰਜੀ ਅਤੇ ਆਹਰਣ ਤੇ ਵਿਆਜ 12% ਅਤੇ 10% ਕ੍ਰਮਵਾਰ ਹੋਵੇਗਾ ।

(ii) ਰਾਜਾ ਤੇ ਰਾਮ ਨੂੰ ਕ੍ਰਮਵਾਰ 2,000 ਰੁਪਏ ਅਤੇ 3000 ਰੁਪਏ ਪ੍ਰਤੀ ਮਹੀਨਾ ਤਨਖਾਹ ਦਿਤੀ ਜਾਵੇਗੀ ।

(iii) ਲਾਭ-ਹਾਨੀ ਪੂੰਜੀ ਦੇ ਅਨੁਪਾਤ ਵਿੱਚ ਹੋਵੇਗੀ ।

31 ਮਾਰਚ 2007 ਨੂੰ ਖਤਮ ਹੋਣ ਵਾਲੇ ਸਾਲ ਨੂੰ ਉਪਰੋਕਤ ਸਮਾਯੋਜਨਾ ਤੋਂ ਪਹਿਲਾ 1,00,300 ਰੁਪਏ ਲਾਭ ਦੀ ਰਾਸ਼ੀ ਸੀ । ਰਾਜਾ ਤੇ ਰਾਮ ਦੀ ਆਹਰਣ 40,000 ਰੁਪਏ ਤੇ 50,000 ਰੁਪਏ ਸੀ ਅਤੇ ਇਸ ਉਪਰ ਵਿਆਜ ਦੀ ਰਕਮ 2,000 ਰੁਪਏ ਤੇ 2,500 ਰੁਪਏ ਸੀ । ਲਾਭ-ਹਾਨੀ ਸਮਾਯੋਜਨ ਖਾਤਾ ਤੇ ਪੂੰਜੀ ਖਾਤੇ ਬਣਾਓ । 6

ਜਾਂ

ਐਕਸ. ਵਾਈ. ਜੈਡ. ਦਾ ਅੰਤਿਮ ਚਿੱਠਾ 31.12.2006 ਨੂੰ ਹੇਠ ਲਿਖੇ ਅਨੁਸਾਰ ਹੈ । ਉਹ ਲਾਭ-ਹਾਨੀ ਪੂੰਜੀ ਦੇ ਅਨੁਪਾਤ ਵਿੱਚ ਵੰਡਦੇ ਹਨ ।

| ਦੇਣਦਾਰੀਆਂ | ਰਕਮ ₹ | ਸੰਪਤੀਆਂ | ਰਕਮ ₹ |
|---|---|---|---|
| ਲੈਣਦਾਰ | 7,000 | ਬੈਂਕ | 15,600 |
| ਪੂੰਜੀ : | | ਦੇਣਦਾਰ 5,000 | |
| ਐਕਸ | 25,000 | – ਰਿਜਰਵ 100 | 4,900 |
| ਵਾਈ | 20,000 | ਸਟਾਕ | 10,000 |
| ਜੈਡ | 15,000 | ਪਲਾਂਟ ਤੇ ਮਸ਼ੀਨਰੀ | 11,500 |
| | | ਜਮੀਨ ਤੇ ਬਿਲਡਿੰਗ | 25,000 |
| | 67,000 | | 67,000 |

ਵਾਈ ਰਿਟਾਇਰ ਹੋ ਗਿਆ ਤੇ ਸੰਪਤੀਆਂ ਤੇ ਦੇਣਦਾਰੀਆਂ ਦਾ ਸਮਾਯੋਜਨ ਹੇਠ ਲਿਖੇ ਅਨੁਸਾਰ ਹੋਇਆ :

(i) ਸਟਾਕ ਦੀ ਕੀਮਤ ਵਿੱਚ 5% ਦੀ ਗਿਰਾਵਟ ਆਈ ।

(ii) ਦੇਣਦਾਰਾਂ ਤੇ ਰਿਜਰਵ ਵਧਾ ਕੇ 5% ਕਰ ਦਿਤਾ ਗਿਆ ।

(iii) ਜਮੀਨ ਤੇ ਬਿਲਡਿੰਗ ਦੀ ਕੀਮਤ 20% ਵਧਾਈ ਗਈ ।

(iv) ਕਾਨੂੰਨੀ ਖਰਚੇਆਂ ਲਈ ਬਕਾਇਆ 750 ਰੁਪਏ ਸੀ ।

(v) ਪੂਰੀ ਫਰਮ ਦੀ ਸਾਖ 16,200 ਰੁਪਏ ਨਿਰਧਾਰਿਤ ਹੋਈ ਅਤੇ ਵਾਈ ਦਾ ਹਿੱਸਾ, ਐਕਸ ਤੇ ਜੈਡ ਵਿੱਚ ਸਮਾਯੋਜਿਤ ਕੀਤਾ ਗਿਆ ।

(vi) ਐਕਸ ਤੇ ਜੈਡ ਨੇ ਭਵਿਖ ਵਿੱਚ ਲਾਭ ਬਰਾਬਰ ਅਨੁਪਾਤ ਵਿੱਚ ਵੰਡਣ ਦਾ ਫੈਸਲਾ ਕੀਤਾ ।

(vii) ਨਵੀ ਫਰਮ ਦੀ ਕੁਲ ਪੂੰਜੀ ਐਕਸ ਤੇ ਜੈਡ ਵਿਚਕਾਰ 48,000 ਰੁਪਏ ਨਿਰਧਾਰਿਤ ਕੀਤੀ ਗਈ ਤੇ ਬਰਾਬਰ ਅਨੁਪਾਤ ਵਿੱਚ ਇਸ ਉਦੇਸ ਲਈ ਸਹੀ ਨਕਦ ਦਿਤਾ ਜਾ ਲਿਆ ਜਾਵੇਗਾ ।

ਪੂਨਰ ਮੂਲਾਂਕਣ ਖਾਤਾ, ਪੂੰਜੀ ਖਾਤੇ ਤੇ ਅੰਤਿਮ ਚਿੱਠਾ ਬਣਾਓ । 6

**ਭਾਗ–ਅ** ਅਤੇ **ਭਾਗ–ਏ** ਵਿੱਚ ਕੋਈ **ਇੱਕ** ਭਾਗ ਕਰੋ ।

**ਭਾਗ–ਅ**

**8.** (ੳ) ਨਾਂ-ਮਾਤਰ ਪੂੰਜੀ ਕੀ ਹੁੰਦੀ ਹੈ ? 1

(ਅ) ਚਾਲੂ ਸੰਪਤੀਆਂ ਤੇ ਚਾਲੂ ਦੇਣਦਾਰੀਆਂ ਵਿਚਕਾਰ ਸੰਤੁਸ਼ਟੀ ਅਨੁਪਾਤ ਕੀ ਹੁੰਦੀ ਹੈ ?

(i) 1 : 1 (ii) 2 : 1 (iii) 3 : 1 (iv) 4 : 1 1

(ੲ) "ਸਥਾਈ ਸੰਪਤੀਆਂ ਦੀ ਖਰੀਦ-ਵੇਚ, ਨਕਦ ਪ੍ਰਵਾਹ ਵਿਵਰਨ ਵਿੱਚ, ਵਿੱਤੀ ਗਤੀਵਿਧੀਆਂ ਦੇ ਰੋਕੜ ਪ੍ਰਵਾਹ ਦੇ ਅੰਤਰਗਤ ਲਿਖੀ ਜਾਂਦੀ ਹੈ" ਉਪਰੋਕਤ ਕਥਨ ਸਹੀ ਜਾਂ ਗਲਤ । 1

**9.** ਬਿਨਾ ਸੁਰਿਖਆ ਦੇ ਅਤੇ ਗਿਰਵੀ ਰਿਣ ਪੱਤਰ ਕੀ ਹਨ ? 2

**10.** ਚਿਰਾਗ ਲਿਮਟਿਡ ਦੇ ਤਲਪਟ ਵਿੱਚ ਹੇਠ ਲਿਖੀਆਂ ਮਦਾਂ ਦਿਖਾਈਆ ਗਈਆ ਹਨ । ਕੰਪਨੀ ਨਿਯਮਾਂ ਦੇ ਅਨੁਸਾਰ ਅੰਤਿਮ ਚਿਠਾ ਬਣਾਓ ।

| ਵਿਵਰਨ | ਡੈਬਿਟ | ਕਰੈਡਿਟ |
|---|---|---|
| ਅੰਸ਼ ਪੂੰਜੀ | | |
| 10,000 ਪੂਰਨ ਦਿਤੇ ਹੋਏ ਅੰਸ਼, 10 ਰੁਪਏ ਪ੍ਰਤੀ ਅੰਸ਼ | – | 1,00,000 |
| ਜਾਨਵਰ ਸਟਾਕ | 80,000 | – |
| ਗਿਰਵੀ | – | 20,000 |
| ਦੇਣਦਾਰ | 20,000 | – |
| ਸੁਰੂਆਤ ਦੇ ਖਰਚੇ | 20,000 | – |
| | 1,20,000 | 1,20,000 |

**11.** ਤਿੰਨ ਪ੍ਰਸ਼ਨਾਂ ਵਿੱਚੋਂ ਕੋਈ **ਦੋ** ਪ੍ਰਸ਼ਨ ਕਰੋ : 2

(ੳ) ਅਨਾਮਿਕਾ ਲਿਮਟਿਡ ਨੇ 100 ਰੁਪਏ ਵਾਲੇ ਅੰਸ਼ਾਂ ਲਈ 5000 ਅੰਸ਼ਾਂ ਲਈ ਪ੍ਰਾਥਨਾ ਪੱਤਰ ਮੰਗਵਾਏ ਅਤੇ ਹੇਠ ਲਿਖੇ ਅਨੁਸਾਰ ਰਾਸ਼ੀ ਦਿੱਤੀ ਜਾਣੀ ਸੀ

ਬੇਨਤੀ ਪੱਤਰ ਤੇ = 30 ਰੁਪਏ

ਅਲਾਟਮੈਂਟ ਤੇ = 20 ਰੁਪਏ

ਪਹਿਲੀ ਤੇ ਅੰਤਿਮ ਮੰਗ ਤੇ = 50 ਰੁਪਏ

ਸਾਰੇ ਅੰਸ਼ਾਂ ਲਈ ਬੇਨਤੀ ਪੱਤਰ ਪ੍ਰਾਪਤ ਹੋਏ, ਅਤੇ ਅਲਾਟਮੈਂਟ ਕਰ ਦਿਤੀ ਗਈ । ਇੱਕ ਅੰਸ਼ਧਾਰੀ ਜਿਸ ਕੋਲ 200 ਅੰਸ਼ ਸਨ, ਉਸਨੇ ਅਲਾਟਮੈਂਟ ਦੇ ਸਮੇਂ ਹੀ ਸਾਰੀ ਰਾਸ਼ੀ ਦੇ ਦਿਤੀ । ਦੂਜੇ ਅੰਸਧਾਰੀ ਨੇ 300 ਅੰਸ਼ਾਂ ਤੇ ਅਲਾਟਮੈਂਟ ਦੀ ਰਕਮ ਨਹੀਂ ਦਿਤੀ । ਪ੍ਰੰਤੂ ਉਸਨੇ ਇਹ ਰਾਸ਼ੀ ਪਹਿਲੀ ਤੇ ਅੰਤਿਮ ਮੰਗ ਦੇ ਨਾਲ ਦੇ ਦਿਤੀ । ਡਾਇਰੈਕਟਰਾਂ ਨੇ ਇਹ ਫੈਸਲਾ ਕੀਤਾ ਕਿ ਸਾਰਨੀ F ਦੇ ਅਨੁਸਾਰ ਬਕਾਇਆ ਮੰਗ ਰਾਸ਼ੀ ਅਤੇ ਐਡਵਾਂਸ ਮੰਗ ਰਾਸ਼ੀ ਤੇ ਵਿਆਜ ਲਿਆ ਤੇ ਦਿਤਾ ਜਾਵੇਗਾ ।

ਐਲਾਟਮੈਂਟ ਅਤੇ ਪਹਿਲੀ ਤੇ ਅੰਤਿਮ ਮੰਗ ਵਿੱਚ 3 ਮਹੀਨੇ ਦਾ ਅੰਤਰ ਹੈ । ਜਰਨਲ ਐਂਟਰੀਆ ਕਰੋ । 4

(ਅ) ਪੋਰਸ਼ੀਆ ਲਿਮਟਿਡ ਦਾ 31 ਦਿਸੰਬਰ 2006 ਨੂੰ ਖਤਮ ਹੋਣ ਵਾਲੇ ਸਾਲ ਦਾ ਲਾਭ-ਹਾਨੀ ਖਾਤਾ ਹੇਠਾ ਦਿਤਾ ਗਿਆ :

ਵਪਾਰਿਕ ਤੇ ਲਾਭ-ਹਾਨੀ ਖਾਤਾ

| | | | |
|---|---|---|---|
| ਸ਼ੁਰੂ ਦਾ ਸਟਾਕ | 1,00,000 | ਵਿਕਰੀ | 5,60,000 |
| ਖਰੀਦ | 3,50,000 | ਅੰਤਿਮ ਸਟਾਕ | 1,00,000 |
| ਮਜ਼ਦੂਰੀ | 9,000 | | |
| ਕੁਲ ਲਾਭ | 2,01,000 | | |
| | 6,60,000 | | 6,60,000 |
| ਪ੍ਰਸ਼ਾਸਨਿਕ ਖਰਚੇ | 20,000 | ਕੁਲ ਲਾਭ | 2,01,000 |
| ਵੇਚ ਤੇ ਵਿਤਰਨ ਖਰਚੇ | 89,000 | ਵਿਨਿਯੋਗ ਤੇ ਵਿਆਜ | 10,000 |
| ਗੈਰ-ਕ੍ਰਿਆਤਮਕ ਖਰਚੇ | 30,000 | ਵਿਨਿਯੋਗ ਵੇਚਨ ਤੇ ਲਾਭ | 8,000 |
| ਸ਼ੁੱਧ ਲਾਭ | 80,000 | | |
| | 2,19,000 | | 2,19,000 |

ਹੇਠ ਲਿਖੇ ਅਨੁਸਾਰ ਗਣਨਾ ਕਰੋ :

(i) ਕੁਲ ਲਾਭ ਅਨੁਪਾਤ

(ii) ਸ਼ੁਧ ਲਾਭ ਅਨੁਪਾਤ

(iii) ਕ੍ਰਿਆਤਮਕ ਅਨੁਪਾਤ

(iv) ਕ੍ਰਿਆਤਮਕ ਲਾਭ-ਅਨੁਪਾਤ । 4

(ੲ) ਨਕਦ ਪ੍ਰਵਾਹ ਵਿਵਰਣ ਕੀ ਹੈ ? ਇਸਦੇ ਕੋਈ ਤਿੰਨ ਉਦੇਸ਼ ਲਿਖੋ । 4

**12.** ਰਿਣ ਪੱਤਰ ਕੀ ਹੈ ? ਅੰਸ਼ ਧਾਰਕ ਤੇ ਰਿਣ ਪੱਤਰ ਧਾਰਕ ਵਿੱਚ ਕੀ ਅੰਤਰ ਹੈ ? 6

ਜਾਂ

ਅਨੀਤਾ ਲਿਮਟਿਡ ਦੇ ਹੇਠ ਲਿਖੇ ਚਿਠੇ ਤੋਂ ਰੋਕੜ ਪ੍ਰਵਾਹ ਵਿਵਰਨ ਤਿਆਰ ਕਰੋ :

| ਦੇਨਦਾਰੀਆਂ | 2008 | 2009 | ਸੰਪਤੀਆਂ | 2008 | 2009 |
|---|---|---|---|---|---|
| ਸਾਧਾਰਣ ਅੰਸ਼ ਪੂੰਜੀ | 2,50,000 | 3,00,000 | ਨਕਦ | 50,000 | 75,000 |
| ਵਾਪਸੀ ਪੂਰਵਾ ਅਧਿਕਾਰ ਪੂੰਜੀ | 1,00,000 | 50,000 | ਬੈਂਕ | 25,000 | 50,000 |
| 10% ਰਿਣ ਪੱਤਰ | 1,00,000 | 1,50,000 | ਸਟਾਕ | 75,000 | 1,00,000 |
| ਲਾਭ-ਹਾਨੀ | 75,000 | 1,00,000 | ਦੇਣਦਾਰ | 1,00,000 | 1,50,000 |
| ਲੈਣਦਾਰ | 50,000 | 60,000 | ਪਲਾਂਟ ਮਸ਼ੀਨਰੀ | 2,00,000 | 1,80,000 |
| | | | ਸਾਖ | 75,000 | 65,000 |
| | | | ਬਿਲ ਲੈਣਯੋਗ | 50,000 | 40,000 |
| | 5,75,000 | 6,60,000 | | 5,75,000 | 6,60,000 |

(i) ਮਸ਼ੀਨਰੀ ਜਿਸ ਦਾ ਪੁਸਤਕ ਮੁੱਲ 75,000 ਰੁਪਏ ਸੀ, ਉਸਨੂੰ 60,000 ਰੁਪਏ ਵਿੱਚ ਵੇਚਿਆ ।

(ii) ਸਾਲ ਦੇ ਦੌਰਾਨ 25,000 ਰੁਪਏ ਲਾਭਾਂਸ਼ ਦਿਤਾ ਗਿਆ ।

(iii) ਸਾਲ ਦੇ ਦੌਰਾਨ 20,000 ਰੁਪਏ ਘਿਸਾਵਟ ਲਗਾਈ ਗਈ ।

(iv) 31 ਮਾਰਚ 2009 ਨੂੰ ਨਵੇ ਅੰਸ਼ ਤੇ ਰਿਣ ਪੱਤਰ ਜਾਰੀ ਕੀਤੇ ਗਏ । 6

### ਭਾਗ–ੲ

**8.** (i) UPS ਦਾ ਪੂਰਾ ਨਾਂ ਕੀ ਹੈ ? 1

(ii) DBMS ਦਾ ਇੱਕ ਪੱਧੱਰ ਲਿਖੋ । 1

(iii) Ctrl + V ਸਪਰੈਡਸ਼ੀਟ ਵਿੱਚ ਕਦੋਂ ਵਰਤਿਆ ਜਾਂਦਾ ਹੈ ? 1

**9.** ਕੰਪਿਊਟਰੀਕ੍ਰਿਤ ਲੇਖਾ ਵਿਧੀ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ । 2

**10.** DBMS ਵਿੱਚ ਟੇਬਲ ਕੀ ਹੁੰਦੇ ਹਨ ? 2

ਤਿੰਨ ਪ੍ਰਸ਼ਨਾਂ ਵਿੱਚੋਂ ਕੋਈ **ਦੋ** ਪ੍ਰਸ਼ਨ ਕਰੋ :

**11.** (i) ਕੰਪਿਊਟਰੀਕ੍ਰਿਤ ਲੇਖਾ ਵਿਧੀ ਦੀਆਂ ਕਿਸਮਾਂ ਲਿਖੋ । 4

(ii) M.S. Access ਵਿੱਚ ਹੇਠ ਲਿਖੇ ਖਾਨੇਆਂ ਨਾਲ਼ ਇੱਕ ਡਿਜ਼ਾਇਨ ਟੇਬਲ ਬਣਾਓ :

ਲੜੀ ਨੰ. ਨਾਂ ਪਿਤਾ ਦਾ ਨਾਂ ਮਾਤਾ ਦਾ ਨਾਂ ਪਤਾ ਦਾਖਲੇ ਦੀ ਮਿਤੀ 4

(iii) ਹੇਠ ਲਿਖੀਆਂ ਐਂਟਰੀਆ ਨੂੰ ਛੋਟੀ ਰੋਕੜ ਰਜਿਸਟਰ ਵਿੱਚ DBMS ਦੇ ਅੰਤਰਗਤ ਲਿਖੋ :

| | | |
|---|---|---|
| 2015 ਜਨਵਰੀ | 1 ਮੁੱਖ ਰੋਕੜੀਏ ਤੋਂ ਪ੍ਰਾਪਤ ਕੀਤੀ ਰਕਮ | = 2500 |
| | 2 ਟੈਕਸੀ ਦਾ ਕਿਰਾਇਆ | = 250 |
| | 3 ਡਾਕ ਟਿਕਟ ਦੇ ਖਰਚੇ | = 180 |
| | 4 ਰਿਫਰੈਸ਼ਮੈਂਟ ਦੇ ਖਰਚੇ | = 170 |
| | 5 ਸਟੇਸ਼ਨਰੀ ਦਾ ਖਰਚਾ | = 150 |
| | 6 ਫੁਟਕਲ ਖਰਚੇ | 160 |
| | 7 ਕੁਲੀ ਦੇ ਖਰਚੇ | = 140 |

4

**12.** DBMS ਕੀ ਹੈ ? ਇਸ ਦੇ ਕਿਹੜੇ-ਕਿਹੜੇ ਤੱਤ ਹਨ ? 6

ਜਾਂ

ਹੇਠਾਂ ਦਿਤੇ ਗਏ ਤਲਪਟ ਤੇ ਕੰਪਿਊਟਰੀਕ੍ਰਿਤ ਲੇਖਾਕਾਰੀ ਪ੍ਰਣਾਲੀ ਦੀ ਵਰਤੋਂ ਕਰਕੇ 31 ਮਾਰਚ 2016 ਨੂੰ ਅੰਤਿਮ ਖਾਤੇ ਦਿਖਾਓ :

| Debit | Amount | Credit | Amount |
|---|---|---|---|
| Plant and Machinery | 12,000 | Sales | 40,000 |
| Freehold premises | 6,000 | Sundry creditor | 5000 |
| Wages | 2,250 | Bills Payable | 8,000 |
| Purchases | 35,000 | Bank overdraft | 2,500 |
| Cash in hand | 2,000 | Loan on mortgage | 3,500 |
| Salary | 400 | Capital | 18,200 |
| Carriage | 350 | | |
| Rent | 250 | | |
| Insurance | 600 | | |
| Drawings | 900 | | |
| Sundry debtor | 9,000 | | |
| Motive power | 750 | | |
| Int. on loan | 1,000 | | |
| Carriage outward | 700 | | |
| Bills receivable | 6,000 | | |
| Total | 77,200 | | 77,200 |

Closing Stock is Rs. 36,000/- 6